ਨੰ : ਸੀ.ਸਹਾਇਕ (ਅਮਲਾ)/ਆਰ.ਟੀ.ਆਈ.ਅਪੀਲ/ਸੰ:ਰ:ਜ:/1066 ਮਿਤੀ : 21/9/21

ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ।

ਵਿਸ਼ਾ :- ਆਰ.ਟੀ.ਆਈ.ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

**ਯਾਦ ਪੱਤਰ :**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸਤਵਿੰਦਰ ਸਿੰਘ ਪੁੱਤਰ ਸ੍ਰੀ ਸੁਖਵਿੰਦਰ ਸਿੰਘ, ਵਾਸੀ ਕਲਾਰ, ਡਾਕ: ਗੁੱਜਰਪੁਰਾ, ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 16.08.2021 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ.ਟੀ.ਆਈ.ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ ਜੀ ਵਲੋਂ ਜਾਰੀ ਪੱਤਰ ਨੰ : ਅੰ.ਵਿ ਪੱ ਨੰ: 51/8/2014/2 ਆਰ.ਟੀ.ਆਈ.ਐਨ.ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ.ਟੀ.ਆਈ./ 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਸਤਵਿੰਦਰ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 16.08.2021 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ
27 SEP 2021
ਨੰਬਰ 6356

ਨੰ : ਸੀ:ਸ: (ਅਮਲਾ)/RTI ਅਪੀਲ / ਸੰ:ਰ:ਜ:/5596-98 ਮਿਤੀ : 20/9/21

ਵਲੋਂ,

ਸੰਯੁਕਤ ਰਜਿਸਟਰਾਰ,
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਸਤਵਿੰਦਰ ਸਿੰਘ ਪੁੱਤਰ ਸ੍ਰੀ ਸੁਖਵਿੰਦਰ ਸਿੰਘ,
   ਵਾਸੀ ਕਲਾਰ, ਡਾਕ: ਗੁੱਜਰਪੁਰਾ, ਤਹਿਸੀਲ ਬਟਾਲਾ,
   ਜਿਲ੍ਹਾ ਗੁਰਦਾਸਪੁਰ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
   ਸਹਿਕਾਰੀ ਸਭਾਵਾਂ, ਜਲੰਧਰ।
3. ਆਡਿਟ ਅਫਸਰ ਸਹਿਕਾਰੀ ਸਭਾਵਾਂ ਜਲੰਧਰ।

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਅਪੀਲ (ਵਲੋਂ ਸ੍ਰੀ ਸਤਵਿੰਦਰ ਸਿੰਘ ਪੁੱਤਰ ਸ੍ਰੀ ਸੁਖਵਿੰਦਰ ਸਿੰਘ)।

<u>ਹਾਜਰੀ ਮਿਤੀ : 16.08.2021 :</u>
ਸ੍ਰੀ ਬਹਾਦੁਰ ਸਿੰਘ, ਜੂਨੀਅਰ ਸਹਾਇਕ ਦਫਤਰ ਉਪ-ਰਜਿਸਟਰਾਰ, (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ।

<u>ਹੁੱਕਮ :</u>

ਮਿਸਲ ਸੁਣਵਾਈ ਲਈ ਪੇਸ਼ ਹੋਈ। ਮੁੱਖ-ਦਫਤਰ ਦੇ ਪੱਤਰ ਨੰ : ਰਸਸ/ ਆਰ.ਟੀ.ਆਈ./ ਗੁਰਦਾਸਪੁਰ/ 5831, ਮਿਤੀ : 18.06.2021 ਰਾਹੀਂ ਪ੍ਰਾਰਥੀ ਵਲੋਂ ਦੋ ਅਲੱਗ-ਅਲੱਗ ਪ੍ਰਤੀਬੇਨਤੀਆਂ ਮਿਤੀ : 20.04.2021 ਰਾਹੀਂ ਸੰਯੁਕਤ ਰਜਿਸਟਰਾਰ ਸਭਾਵਾਂ ਜਲੰਧਰ ਮੰਡਲ, ਜਲੰਧਰ ਪਾਸ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਸੀ ਪਰੰਤੂ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਪ੍ਰਾਪਤ ਨਹੀਂ ਹੋਈ।

ਪ੍ਰਾਰਥੀ ਵਲੋਂ ਦੋ ਅਲੱਗ-ਅਲੱਗ ਦਰਖਾਸਤਾਂ ਮਿਤੀ : 20.04.2021 ਰਾਹੀਂ ਇਸ ਦਫਤਰ ਪਾਸੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਸੀ। ਇਨ੍ਹਾਂ ਦਰਖਾਸਤਾਂ ਰਾਹੀਂ ਪ੍ਰਾਰਥੀ ਵਲੋਂ ਸ੍ਰੀ ਮਨਿੰਦਰ ਸਿੰਘ, ਨਰੀਖਕ ਆਡਿਟ ਅਤੇ ਸ੍ਰੀਮਤੀ ਕੰਵਲਜੀਤ ਕੋਰ, ਨਰੀਖਕ ਆਡਿਟ ਬਾਰੇ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ। ਇਹ ਦੋਵੇਂ ਦਰਖਾਸਤਾਂ ਮਿਤੀ : 29.04.2021 ਨੂੰ ਇਸ ਦਫਤਰ ਵਿੱਚ ਰਸੀਟ ਹੋਈਆਂ ਅਤੇ ਇਸ ਦਫਤਰ ਦੇ ਕ੍ਰਮਵਾਰ ਪੱਤਰ ਨੰ : ਸੀ.ਸਹਾਇਕ (ਅਮਲਾ)/ 2-ਬੀ/ ਸੰ:ਰ:ਜ:/ 2715, ਮਿਤੀ : 06.05.2021 ਅਤੇ ਨੰ : 2718, ਮਿਤੀ : 06.05.2021 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਨੂੰ ਆਰ.ਟੀ.ਆਈ.ਐਕਟ-2005 ਦੇ ਸੈਕਸ਼ਨ

........2.......

6(3) ਟਰਾਂਸਫਰ ਕਰਦੇ ਹੋਏ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਮਿੱਥੇ ਸਮੇਂ ਅੰਦਰ ਡਲਿਵਰ ਕਰਾਉਣ ਲਈ ਲਿਖਿਆ ਗਿਆ। ਇਹ ਸੂਚਨਾ ਆਡਿਟ ਅਫਸਰ ਸਹਿਕਾਰੀ ਸਭਾਵਾਂ ਜਲੰਧਰ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ ਵਲੋਂ ਪੱਤਰ ਪਿੱਠ ਅੰਕਣ ਨੰ : ਆਡਿਟ/ ਅਅਜ/ 2021/ 3874, ਮਿਤੀ : 20.05.2021 ਅਤੇ ਨੰ : 3876, ਮਿਤੀ : 20.05.2021 ਰਾਹੀਂ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ ਕਿ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਆਰ.ਟੀ.ਆਈ.ਐਕਟ-2005 ਦੇ ਸੱਬ ਸੈਕਸ਼ਨ 8 ਆਫ ਸੈਕਸ਼ਨ 7 ਅਤੇ 1 ਇੰਨ ਸੈਕਸ਼ਨ 9 ਅਧੀਨ ਕਲਾਜ਼ (ਹ) ਅਨੁਸਾਰ ਕਰਮਚਾਰੀਆਂ ਦੀ ਪਰਸਨਲ ਸੂਚਨਾ ਨਹੀਂ ਦਿੱਤੀ ਜਾ ਸਕਦੀ। ਇਸ ਸਬੰਧ ਵਿੱਚ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਵਲੋਂ ਵੀ ਪੱਤਰ ਪਿੱਠ ਅੰਕਣ ਨੰ : ਰ.ਕ./ ਡੀ.ਆਰ.ਜੇ./ 3688, ਮਿਤੀ : 27.05.2021 ਅਤੇ ਨੰ : 3690, ਮਿਤੀ : 27.05.2021 ਰਾਹੀਂ ਪ੍ਰਾਰਥੀ ਨੂੰ ਸੂਚਿਤ ਕਰਦੇ ਹੋਏ ਕਾਪੀ ਇਸ ਦਫਤਰ ਨੂੰ ਸੂਚਨਾ ਹਿੱਤ ਭੇਜੀ ਗਈ।

ਪ੍ਰਾਰਥੀ ਵਲੋਂ ਦਾਇਰ ਕੀਤੀ ਗਈ ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਕੇਸ ਦੀ ਸੁਣਵਾਈ ਕੀਤੀ ਗਈ।

ਮਿਤੀ : 09.08.2021 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਦਫਤਰ ਵਲੋਂ ਸ੍ਰੀ ਬਹਾਦੁਰ ਸਿੰਘ, ਜੂਨੀਅਰ ਸ਼ਹਾਇਕ ਹਾਜਰ ਆਇਆ ਅਤੇ ਉਸ ਵਲੋਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਦਫਤਰ ਦੇ ਪੱਤਰ ਨੰ : ਰ.ਕ./ ਡੀ.ਆਰ. ਜੇ./ 451, ਮਿਤੀ: 09.08.2021 ਰਾਹੀਂ ਦਿੱਤਾ ਗਿਆ ਜਵਾਬ ਪੇਸ਼ ਕੀਤਾ ਗਿਆ। ਜਵਾਬ ਅਨੁਸਾਰ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀਆਂ ਗਈਆਂ ਦਰਖਾਸਤਾਂ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਮੰਡਲ ਜਲੰਧਰ ਦੇ ਪੱਤਰ ਨੰ : 2715, ਮਿਤੀ : 06.05.2021 ਅਤੇ ਨੰ : 2718, ਮਿਤੀ : 06.05.2021 ਰਾਹੀਂ ਪ੍ਰਾਪਤ ਹੋਈਆਂ ਜੋ ਕਿ ਆਡਿਟ ਅਫਸਰ ਸਹਿਕਾਰੀ ਸਭਾਵਾਂ ਜਲੰਧਰ ਦੇ ਦਫਤਰ ਨਾਲ ਸਬੰਧਤ ਹੋਣ ਕਾਰਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਦੇ ਪੱਤਰ ਨੰ : 3435, ਮਿਤੀ : 10.05.2021 ਅਤੇ ਨੰ : 3436, ਮਿਤੀ : 10.05.2021 ਆਡਿਟ ਅਫਸਰ ਸਹਿਕਾਰੀ ਸਭਾਵਾਂ ਜਲੰਧਰ ਨੂੰ ਸੂਚਨਾ ਮੁਹੱਈਆਂ ਕਰਾਉਣ ਲਈ ਭੇਜੀਆਂ ਗਈਆਂ। ਆਡਿਟ ਅਫਸਰ ਸਹਿਕਾਰੀ ਸਭਾਵਾਂ ਜਲੰਧਰ ਵਲੋਂ ਪੱਤਰ ਨੰ : 3873, ਮਿਤੀ : 20.05.2021 ਅਤੇ ਨੰ : 3875, ਮਿਤੀ : 20.05.2021 ਰਾਹੀਂ ਪ੍ਰਾਰਥੀ ਨੂੰ ਸੂਚਿਤ ਕਰਦੇ ਹੋਏ ਕਾਪੀ ਉਪ-ਰਜਿਸਟਰਾਰ ਦਫਤਰ ਨੂੰ ਭੇਜੀ ਗਈ ਜਿਸ ਅਨੁਸਾਰ ਆਰ.ਟੀ.ਆਈ.ਐਕਟ-2005 ਦੇ ਸੱਬ ਸੈਕਸ਼ਨ 8 ਆਫ ਸੈਕਸ਼ਨ 7 ਅਤੇ 1 ਇੰਨ ਸੈਕਸ਼ਨ 9 ਅਧੀਨ ਕਲਾਜ਼ (ਹ) ਅਨੁਸਾਰ ਕਰਮਚਾਰੀਆਂ ਦੀ ਪਰਸਨਲ ਸੂਚਨਾ ਨਹੀਂ ਦਿੱਤੀ ਜਾ ਸਕਦੀ। ਆਡਿਟ ਅਫਸਰ ਸਹਿਕਾਰੀ ਸਭਾਵਾਂ ਜਲੰਧਰ ਵਲੋਂ ਹਾਜਰ ਆਏ ਸ੍ਰੀ ਸੁਭਾਸ਼ ਸੈਣੀ, ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ ਵਲੋਂ ਪੱਤਰ ਨੰ : ਆਡਿਟ/ ਅਅਜ/ ਸੁਪਰਡੈਂਟ/ 2021/ 5843, ਮਿਤੀ : 06.08.2021 ਰਾਹੀਂ ਜਵਾਬ ਪੇਸ਼ ਕੀਤਾ ਗਿਆ ਜਿਸ ਅਨੁਸਾਰ ਉਨ੍ਹਾਂ ਦਫਤਰ ਨਾਲ ਸਬੰਧਤ ਕਰਮਚਾਰਣ (ਜਿਸ ਬਾਰੇ ਪ੍ਰਾਰਥੀ ਵਲੋਂ ਸੂਚਨਾ ਮੰਗੀ ਗਈ ਹੈ) ਦੀ ਨਿਯੁੱਕਤੀ ਬਾਰੇ ਅਪੀਲਕਰਤਾ ਨੂੰ ਪਹਿਲਾਂ ਹੀ ਪਤਾ ਸੀ, ਜਿਸ ਬਾਰੇ ਉਨ੍ਹਾਂ ਦੇ ਦਫਤਰ ਵਲੋਂ ਕੋਈ ਜਾਣਕਾਰੀ ਨਹੀਂ ਦੇਣੀ ਬਣਦੀ ਹੈ। ਉਨ੍ਹਾਂ ਵਲੋਂ ਇਹ ਵੀ ਲਿਖਿਆ ਗਿਆ ਹੈ ਕਿ ਕਰਮਚਾਰਣ ਵਲੋਂ ਲਈਆਂ ਗਈਆਂ ਛੁੱਟੀਆਂ ਬਾਰੇ ਸੂਚਨਾ (ਜਿਸ ਨਾਲ ਕਰਮਚਾਰਣ ਦਾ ਨਿੱਜੀ ਸਬੰਧ ਹੈ) ਆਰ.ਟੀ. ਆਈ.ਐਕਟ ਦੀਆਂ ਹਦਾਇਤਾਂ ਅਨੁਸਾਰ ਪਰਸਨਲ ਸੂਚਨਾ ਸੈਕਸ਼ਨ 8 ਐਂਡ 1 ਇੰਨ ਸੈਕਸ਼ਨ 9 ਅਧੀਨ ਨਹੀਂ ਦਿੱਤੀ ਜਾ ਸਕਦੀ।

ਅਪੀਲਕਰਤਾ ਵਲੋਂ ਦੋ ਅਲੱਗ-ਅਲੱਗ ਦਰਖਾਸਤਾਂ ਰਾਹੀਂ ਕ੍ਰਮਵਾਰ ਸ੍ਰੀ ਮਨਜਿੰਦਰ ਸਿੰਘ, ਆਡਿਟ ਇੰਸਪੈਕਟਰ ਅਤੇ ਸ੍ਰੀ ਕੰਵਲਜੀਤ ਕੋਰ, ਆਡਿਟ ਇੰਸਪੈਕਟਰ ਦੀਆਂ ਛੁੱਟੀਆਂ ਨਾਲ ਸਬੰਧਤ ਸੂਚਨਾ ਮੰਗੀ ਗਈ ਹੈ, ਇਹ ਸੂਚਨਾ ਕਰਮਚਾਰੀਆਂ ਦੀ ਨਿੱਜੀ ਸੂਚਨਾ ਹੋਣ ਕਾਰਨ ਪ੍ਰਾਰਥੀ ਨੂੰ ਸਪਲਾਈ ਨਹੀਂ ਕੀਤੀ ਜਾ ਸਕਦੀ। ਜਿੱਥੋਂ ਤੱਕ ਸ੍ਰੀ ਮਨਜਿੰਦਰ ਸਿੰਘ, ਆਡਿਟ ਇੰਸਪੈਕਟਰ ਦੀ ਜਾਇਦਾਦ ਸਬੰਧੀ ਮੰਗੀ ਗਈ ਸੂਚਨਾ ਦਾ ਸਬੰਧ ਹੈ, ਇਹ ਸੂਚਨਾ ਪਬਲਿਕ ਡੋਮੇਨ ਵਿੱਚ ਉਪਲਬੱਧ ਹੈ। ਇਸ ਤੋਂ ਇਲਾਵਾ ਪ੍ਰਾਰਥੀ ਵਲੋਂ ਸ੍ਰੀ ਮਨਜਿੰਦਰ ਸਿੰਘ, ਆਡਿਟ ਇੰਸਪੈਕਟਰ ਅਧੀਨ ਕੰਮ ਕਰਦੇ ਸੈਕਟਰੀਆਂ ਦੀ ਡਿਟੇਲ ਅਤੇ ਸੰਪਰਕ ਨੰਬਰ ਮੰਗੇ ਗਏ ਹਨ। ਇਸ ਕਰਮਚਾਰੀ ਦੇ ਅਧੀਨ ਕੋਈ ਸਕੱਤਰ ਨਹੀਂ ਹੈ। ਸਕੱਤਰ ਸਹਿਕਾਰੀ ਸਭਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੁਲਾਜ਼ਮ ਹੁੰਦੇ ਹਨ, ਇਸ ਨੁਕਤੇ ਬਾਰੇ ਸੂਚਨਾ ਆਡਿਟ ਅਫਸਰ ਸਹਿਕਾਰੀ ਸਭਾਵਾਂ ਜਲੰਧਰ ਦਫਤਰ ਵਿੱਚ ਉਪਲਬੱਧ ਨਾ ਹੋਣ ਕਾਰਨ ਪ੍ਰਾਰਥੀ ਨੂੰ ਨਹੀਂ ਦਿੱਤੀ ਜਾ ਸਕੀ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਅਪੀਲ ਦਾਖਲ ਦਫਤਰ (dispose off) ਕੀਤੀ ਜਾਂਦੀ ਹੈ।

ਪ੍ਰਾਰਥੀ ਅਗਰ ਇਸ ਅਦਾਲਤ ਵਲੋਂ ਕੀਤੇ ਗਏ ਫੈਸਲੇ ਨਾਲ ਸੰਤੁਸ਼ਟ ਨਾ ਹੋਵੇ ਤਾਂ ਉਹ ਦੂਸਰੀ ਐਪੀਲਾਂਟ ਅਥਾਰਟੀ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ ਜੀ ਦੀ ਅਦਾਲਤ ਵਿੱਚ ਅਪੀਲ ਦਾਇਰ ਕਰ ਸਕਦਾ ਹੈ।

ਮਿਤੀ : 16.08.2021.

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।